# MBD MODEL TEST PAPER 5

**CLASS—X (PB.)**
**MATHEMATICS**

**Time Allowed : 3 Hours** **Maximum Marks : 80**

ਨੋਟ—ਇਸ ਦੇ ਲਈ MBD Model Test Paper—1 ਦੇਖੋ ।

## ਭਾਗ—ੳ

**ਹਰੇਕ ਪ੍ਰਸ਼ਨ ਦਾ 1 ਅੰਕ ਹੈ ।**

**1. ਸਹੀ ਵਿਕਲਪ ਚੁਣੋ—**

(*i*) ਅਭਾਜ ਗੁਣਨਖੰਡ ਰੁੱਖ ਵਿੱਚ ਅਗਿਆਤ ਸੰਖਿਆ ਪਤਾ ਕਰੋ ।




(*a*) 12
(*b*) 14
(*c*) 15
(*d*) ਇਹਨਾਂ ਵਿਚੋਂ ਕੋਈ ਨਹੀਂ ।

(*ii*) ਇਕ ਦੋ-ਘਾਤੀ ਬਹੁਪਦ ਪਤਾ ਕਰੋ ਜਿਸ ਦੇ ਸਿਫ਼ਰਾਂ ਦਾ ਜੋੜ + 1 ਅਤੇ ਸਿਫ਼ਰਾਂ ਦਾ ਗੁਣਨਫਲ +1 ਹੈ ।

(*a*) $x^2 + x - 1$ (*b*) $x^2 - 2x + 1$
(*c*) $x^2 - x - 1$ (*d*) $x^2 - x + 1$.

(*iii*) ਜੇਕਰ $\alpha$ ਅਤੇ $\beta$ ਬਹੁਪਦ $4x^2 + 3x + 7$ ਦੇ ਸਿਫ਼ਰ ਹਨ ਤਾਂ $\alpha + \beta + \alpha\beta$ ਦਾ ਮੁੱਲ ਹੈ :

(*a*) 1 (*b*) $\frac{1}{4}$
(*c*) 4 (*d*) –1.

(*iv*) ਸਮੀਕਰਣ ਦੇ ਯੁਗਮ $x = 5$ ਅਤੇ $x = -3$ ਦਾ ਕਿਹੜਾ ਹੱਲ ਹੈ ?

(*a*) ਕੇਵਲ ਇੱਕ ਹੱਲ (*b*) ਕੋਈ ਹੱਲ ਨਹੀਂ
(*c*) ਅਣਗਿਣਤ ਰੂਪ ਵਿਚ ਅਨੇਕ ਹੱਲ (*d*) ਦੋ ਹੱਲ ।

(*v*) ਦੋ-ਘਾਤੀ ਸਮੀਕਰਣ $2x^2 - 4x + 3 = 0$ ਦਾ ਡਿਸਕ੍ਰਿਮੀਨੈਂਟ ਹੈ :

(*a*) $(4)^2 - 4\,(2)\,(3)$ (*b*) $-(4)^2 - 4\,(2)\,(3)$
(*c*) $(-4)^2 - 4\,(2)\,(3)$ (*d*) $(-4)^2 + 4\,(2)\,(3)$.

(*vi*) A.P. 9, 13, 17, 21, ......... ਦਾ 16ਵਾਂ ਪਦ ਪਤਾ ਕਰੋ ।

(*a*) 48 (*b*) –98
(*c*) 69 (*d*) –48.

(*vii*) ਆਕ੍ਰਿਤੀ ਦੀ ਪੜਤਾਲ ਕਰੋ ਅਤੇ ਸਹੀ ਪੰਕਤੀ ਨੂੰ ਚੁਣੋ ।




(*a*) $\angle A = \angle P$ (*b*) $\angle A = \angle Q$
(*c*) $\angle A = \angle R$ (*d*) ਇਹਨਾਂ ਵਿਚੋਂ ਕੋਈ ਨਹੀਂ ।

(*viii*) $\dfrac{2\tan 30^\circ}{1 - \tan^2 30^\circ}$ ਦਾ ਮੁੱਲ ਹੈ :

(*a*) $\sin 60^\circ$ (*b*) $\tan 60^\circ$
(*c*) $\sin 30^\circ$ (*d*) $\cos 60^\circ$.



Scanned by CamScanner

(*ix*) ਜੇਕਰ $3\cos\theta = 1$ ਹੈ, ਤਾਂ $\text{cosec}\,\theta$ ਦਾ ਮੁੱਲ ਹੋਵੇਗਾ :

(*a*) $2\sqrt{2}$ (*b*) $\frac{3}{2\sqrt{2}}$

(*c*) $\frac{2\sqrt{3}}{3}$ (*d*) $\frac{4}{3\sqrt{2}}$.

(*x*) ਇੱਕ ਚੱਕਰ ਦੀਆਂ ਕੁੱਲ ਸਪਰਸ਼ ਰੇਖਾਵਾਂ ਦੀ ਸੰਖਿਆ :

(*a*) ਕੋਈ ਸਪਰਸ਼ ਰੇਖਾ ਨਹੀਂ (*b*) ਇੱਕ ਸਪਰ਼ਸ਼ ਰੇਖਾ

(*c*) ਦੋ ਸਪਰਸ਼ ਰੇਖਾਵਾਂ (*d*) ਅਣਗਿਣਤ ਸਪਰਸ਼ ਰੇਖਾਵਾਂ ।

(*xi*) ਇੱਕ ਚੱਕਰ ਦਾ ਵਿਆਸ ਜਿਸਦਾ ਖੇਤਰਫਲ ਅਰਧ ਵਿਆਸ 24 cm ਅਤੇ 7 cm ਵਾਲੇ ਦੋ ਚੱਕਰਾਂ ਦੇ ਖੇਤਰਫਲ ਦੇ ਜੋੜ ਦੇ ਬਰਾਬਰ ਹੈ :

(*a*) 31 cm (*b*) 25 cm

(*c*) 62 cm (*d*) 50 cm.

(*xii*) ਦੋ ਗੋਲਿਆਂ ਦਾ ਆਇਤਨ 64 : 27 ਦੇ ਅਨੁਪਾਤ ਵਿੱਚ ਹੈ । ਉਹਨਾਂ ਦੇ ਸਤ੍ਹਾ ਖੇਤਰਫਲ ਦਾ ਅਨੁਪਾਤ ਹੈ :

(*a*) 3 : 4 (*b*) 4 : 3

(*c*) 9 : 16 (*d*) 16 : 9.

(*xiii*) ਜੇਕਰ 6, 7, $x$, 8, $y$, 14 ਦਾ ਮੱਧਮਾਨ 9 ਹੈ, ਤਾਂ :

(*a*) $x + y = 21$ (*b*) $x + y = 19$

(*c*) $x - y = 19$ (*d*) $x - y = 21$.

(*xiv*) ਅਰਧ ਵਿਆਸ 7 cm ਅਤੇ ਲੰਬਾਈ 4 cm ਵਾਲੇ ਇਕ ਵੇਲਣਾਕਾਰ ਲੱਕੜੀ ਦੇ ਲਾੱਗ ਵਿਚੋਂ ਕੱਟੇ ਜਾ ਸਕਣ ਵਾਲੇ ਸਭ ਤੋਂ ਵੱਡੇ ਗੋਲੇ ਦਾ ਆਇਤਨ ਹੈ :

(*a*) $\frac{8}{3}\pi m^3$ (*b*) $\frac{10}{3}\pi m^3$

(*c*) $\frac{16}{3}\pi m^3$ (*d*) $\frac{4}{3}\pi m^3$.

(*xv*) ਜੇਕਰ P(E) = 0.07 ਹੈ, ਤਾਂ 'E ਨਹੀਂ' ਦੀ ਸੰਭਾਵਨਾ ਹੋਵੇਗੀ :

(*a*) 0 (*b*) 0.03

(*c*) 0.93 (*d*) 0.3.

(*xvi*) ਜੇਕਰ ਇੱਕ 52 ਪੱਤਿਆਂ ਦੀ ਗੱਡੀ ਵਿੱਚੋਂ ਇੱਕ ਪੱਤਾ ਕੱਢਿਆ ਜਾਂਦਾ ਹੈ, ਤਾਂ ਕਾਲੇ ਬਾਦਸ਼ਾਹ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਹੋਵੇਗੀ :

(*a*) $\frac{1}{26}$ (*b*) $\frac{1}{52}$

(*c*) $\frac{1}{13}$ (*d*) $\frac{3}{52}$.

**2. ਸਹੀ/ਗ਼ਲਤ—**

(*i*) ਦੋ ਅਪਰਿਮੇਯ ਸੰਖਿਆਵਾਂ ਦਾ ਗੁਣਨਫਲ ਇੱਕ ਅਪਰਿਮੇਯ ਸੰਖਿਆ ਹੁੰਦੀ ਹੈ । (ਸਹੀ/ਗ਼ਲਤ)

(*ii*) ਇੱਕ ਸਮੀਕਰਣ ਪ੍ਰਣਾਲੀ $2x + 4y = 10$ ਅਤੇ $3x + 6y = 12$ ਦਾ ਕੋਈ ਹੱਲ ਨਹੀਂ ਹੈ । (ਸਹੀ/ਗ਼ਲਤ)

(*iii*) $5x^{-2} + x + 4 = 0$ ਇੱਕ ਦੋ ਘਾਤੀ ਸਮੀਕਰਣ ਹੈ । (ਸਹੀ/ਗ਼ਲਤ)

(*iv*) $\theta = 45°$ ਦੇ ਲਈ $\tan\theta$ ਦਾ ਮੁੱਲ 0 ਹੁੰਦਾ ਹੈ । (ਸਹੀ/ਗ਼ਲਤ)

(*v*) ਇੱਕ ਚੱਕਰ ਦੇ ਬਾਹਰੀ ਬਿੰਦੂ ਤੋਂ ਉਸ ਚੱਕਰ 'ਤੇ ਦੋ ਤੋਂ ਵੱਧ ਸਪਰਸ਼ ਰੇਖਾਵਾਂ ਹੋ ਸਕਦੀਆਂ ਹਨ । (ਸਹੀ/ਗ਼ਲਤ)

(*vi*) ਮੱਧਿਕਾ, ਬਹੁਲਕ ਅਤੇ ਮੱਧਮਾਨ ਦਾ ਸੰਬੰਧ :

ਬਹੁਲਕ = 3 ਮੱਧਿਕਾ – 2 ਮੱਧਮਾਨ (ਸਹੀ/ਗ਼ਲਤ)

(*vii*) ਬਿੰਦੂ (–3, 4) ਦੀ $y$-ਧੁਰੇ ਤੋਂ ਦੂਰੀ 3 ਇਕਾਈ ਹੈ । (ਸਹੀ/ਗ਼ਲਤ)

Scanned by CamScanner

**3. ਖ਼ਾਲੀ ਸਥਾਨ ਭਰੋ–**

(i) ਇੱਕ ਰੇਖੀ ਸਮੀਕਰਣ ਦੀ ਜੋੜੀ $a_1x + b_1y = c_1$ ਅਤੇ $a_2x + b_2y = c_2$ ਦੇ ਵਿਲੱਖਣ ਹੱਲ ਹਨ ਜੇਕਰ ............ ਹੋਵੇ ।

(ii) A.P. 2, 5, 8, ...., 59 ਦੇ ਕੁੱਲ ਪਦਾਂ ਦੀ ਸੰਖਿਆ .................... ਹੈ ।

(iii) ਦੋ ਤ੍ਰਿਭੁਜਾਂ ਸਮਾਨ ਹੁੰਦੀਆਂ ਹਨ ਜੇਕਰ ਉਹਨਾਂ ਦੀਆਂ ਭੁਜਾਵਾਂ ................. ਹੋਣ ।

(iv) ਬਿੰਦੂ $(x, -y)$ ਦੀ ਮੂਲ ਬਿੰਦੂ ਤੋਂ ਦੂਰੀ ..................... ਹੈ ।

(v) ਇੱਕ ਚੱਕਰ ਦੀ ਜੀਵਾ ਜੋ ਉਸਦੇ ਕੇਂਦਰ ਤੋਂ ਜਾਂਦੀ ਹੈ, ਉਹ ...................... ਹੁੰਦੀ ਹੈ ।

(vi) ਅਰਧ ਵਿਆਸ 7 cm ਵਾਲੇ ਇੱਕ ਠੋਸ ਅਰਧ ਗੋਲੇ ਦਾ ਸੰਪੂਰਨ ਸਤ੍ਹਾ ਦਾ ਖੇਤਰਫਲ ..................... ਹੈ ।

(vii) ਜੇਕਰ ਇੱਕ ਖੇਡ ਨੂੰ ਜਿੱਤਣ ਦੀ ਸੰਭਾਵਨਾ 0.4 ਹੈ, ਤਾਂ ਉਸ ਖੇਡ ਨੂੰ ਹਾਰ ਜਾਣ ਦੀ ਸੰਭਾਵਨਾ .......... ਹੋਵੇਗੀ ।

## ਭਾਗ–ਅ

**ਹਰੇਕ ਪ੍ਰਸ਼ਨ ਦੇ 2 ਅੰਕ ਹਨ ।**

**4.** ਸਿੱਧ ਕਰੋ $\sqrt{5}$ ਇੱਕ ਅਪਰਿਮੇਯ ਸੰਖਿਆ ਹੈ ।

**5.** ਦੋ-ਘਾਤੀ ਸਮੀਕਰਣ $6x^2 - 3 - 7x$ ਦੇ ਸਿਫ਼ਰ ਪਤਾ ਕਰੋ ।

**6.** ਇੱਕ ਚੱਕਰ ਦੇ ਚੌਥਾਈ ਦਾ ਖੇਤਰਫਲ ਪਤਾ ਕਰੋ, ਜਿਸਦਾ ਘੇਰਾ 22 cm ਹੈ ।

**7.** ਇੱਕ ਸਮੂਹ ਵਿਚ 20 ਬਲਬ ਹਨ ਜਿਸ ਵਿਚ 4 ਬਲਬ ਖਰਾਬ ਹਨ । ਇੱਕ ਬਲਬ ਨੂੰ ਸਮੂਹ ਵਿਚੋਂ ਕੱਢਿਆ ਜਾਂਦਾ ਹੈ । ਬਲਬ ਦੇ ਖਰਾਬ ਨਾ ਹੋਣ ਦੀ ਕੀ ਸੰਭਾਵਨਾ ਹੈ ?

## ਭਾਗ–ੲ

**ਹਰੇਕ ਪ੍ਰਸ਼ਨ ਦੇ 4 ਅੰਕ ਹਨ ।**

**8.** ਦੋ-ਘਾਤੀ ਸਮੀਕਰਣ $2x^2 + kx + 3 = 0$ ਦੇ ਦੋ ਬਰਾਬਰ ਮੂਲ ਹੋਣ ਲਈ $k$ ਦਾ ਮੁੱਲ ਪਤਾ ਕਰੋ ।

**ਜਾਂ**

ਇੱਕ ਰੇਲਗੱਡੀ 480 km ਦੀ ਦੂਰੀ ਸਮਾਨ ਚਾਲ ਨਾਲ ਤੈਅ ਕਰਦੀ ਹੈ । ਜੇਕਰ ਰੇਲਗੱਡੀ ਦੀ ਚਾਲ 8km/h ਘੱਟ ਜਾਂਦੀ ਹੈ, ਤਾਂ ਉਸਨੂੰ ਉਹ ਹੀ ਦੂਰੀ ਤੈਅ ਕਰਨ ਲਈ 3 ਘੰਟੇ ਵੱਧ ਲਗਣਗੇ । ਰੇਲਗੱਡੀ ਦੀ ਚਾਲ ਪਤਾ ਕਰੋ ।

**9.** ਕਿਸੇ A.P. ਦੇ ਪਹਿਲੇ ਅਤੇ ਅੰਤਿਮ ਪਦ ਕ੍ਰਮਵਾਰ 17 ਅਤੇ 350 ਹਨ । ਜੇਕਰ ਸਾਂਝਾ ਅੰਤਰ 9 ਹੈ, ਤਾਂ ਕੁੱਲ ਪਦਾਂ ਦੀ ਸੰਖਿਆ ਅਤੇ ਉਹਨਾਂ ਦਾ ਜੋੜ ਪਤਾ ਕਰੋ ।

**10.** ਬਿੰਦੂਆਂ $(-3, 10)$ ਅਤੇ $(6, -8)$ ਨੂੰ ਮਿਲਾਉਣ ਵਾਲੇ ਰੇਖਾਖੰਡ ਨੂੰ ਬਿੰਦੂ $(-1, 6)$ ਕਿਸ ਅਨੁਪਾਤ ਵਿਚ ਵੰਡਦਾ ਹੈ?

**11.** ਸਿੱਧ ਕਰੋ : $\dfrac{1+\sec A}{\sec A} = \dfrac{\sin^2 A}{1-\cos A}$

**ਜਾਂ**

ਪੜਤਾਲ ਕਰੋ : $\dfrac{5\cos^2 60° + 4\sec^2 30° - \tan^2 45°}{\sin^2 30° + \cos^2 30°}$

**12.** ਇੱਕ ਸਿੱਧਾ ਰਾਜ ਮਾਰਗ ਇੱਕ ਮੀਨਾਰ ਦੇ ਆਧਾਰ ਤੱਕ ਜਾਂਦਾ ਹੈ । ਮੀਨਾਰ ਦੇ ਸਿਖ਼ਰ 'ਤੇ ਖੜਾ ਇੱਕ ਆਦਮੀ ਇੱਕ ਕਾਰ ਨੂੰ 30° ਦੇ ਨੀਵਾਨ ਕੋਣ 'ਤੇ ਦੇਖਦਾ ਹੈ, ਜੋ ਮੀਨਾਰ ਦੇ ਆਧਾਰ ਵੱਲ ਇੱਕ ਸਮਾਨ ਚਾਲ ਨਾਲ ਆ ਰਹੀ ਹੈ । ਛੇ ਸੈਕਿੰਟ ਬਾਅਦ ਕਾਰ ਦਾ ਨੀਵਾਨ ਕੋਣ 60° ਹੋ ਗਿਆ । ਇਸ ਬਿੰਦੂ ਤੋਂ ਮੀਨਾਰ ਦੇ ਆਧਾਰ ਤੱਕ ਪਹੁੰਚਣ ਲਈ ਕਾਰ ਦੁਆਰਾ ਲਿਆ ਗਿਆ ਸਮਾਂ ਪਤਾ ਕਰੋ ।

**ਜਾਂ**

ਸਮੁੰਦਰ ਤਲ ਤੋਂ 75 m ਉੱਚੇ ਲਾਈਟ ਹਾਊਸ ਦੇ ਸਿਖ਼ਰ ਤੋਂ ਦੇਖਣ ਨਾਲ ਦੋ ਸਮੁੰਦਰੀ ਜਹਾਜ਼ਾਂ ਦੇ ਨੀਵਾਨ ਕੋਣ 30° ਅਤੇ 45° ਹਨ । ਜੇਕਰ ਲਾਈਟ ਹਾਊਸ ਦੇ ਇੱਕ ਹੀ ਪਾਸੇ ਤੋਂ ਇੱਕ ਜਹਾਜ਼ ਦੂਸਰੇ ਜਹਾਜ਼ ਦੇ ਬਿਲਕੁਲ ਪਿੱਛੇ ਹੋਵੇ । ਦਿੱਤੀ ਸੂਚਨਾ 'ਤੇ ਆਧਾਰਿਤ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :–



(*i*) ਲਾਈਟ ਹਾਊਸ ਤੋਂ ਉਸ ਜਹਾਜ਼ ਦੀ ਦੂਰੀ ਪਤਾ ਕਰੋ, ਜਿਸਦਾ ਨੀਵਾਨ ਕੋਣ 45° ਹੋਵੇ ।

(*ii*) ਦੋਵੇਂ ਜਹਾਜ਼ਾਂ ਦੀ ਵਿਚਕਾਰਲੀ ਦੂਰੀ ਪਤਾ ਕਰੋ ।

**13.** ਕੋਈ ਬਰਤਨ ਇੱਕ ਖੋਖਲੇ ਅਰਧ ਗੋਲੇ ਦੇ ਆਕਾਰ ਦਾ ਹੈ ਜਿਸ ਦੇ ਉੱਪਰ ਇੱਕ ਖੋਖਲਾ ਬੇਲਣ ਲੱਗਿਆ ਹੈ । ਅਰਧ ਗੋਲੇ ਦਾ ਵਿਆਸ 14 cm ਹੈ ਅਤੇ ਇਸ ਬਰਤਨ ਦੀ ਕੁੱਲ ਉੱਚਾਈ 13 cm ਹੈ । ਇਸ ਬਰਤਨ ਦਾ ਅੰਦਰੂਨੀ ਸਤ੍ਹਾ ਦਾ ਖੇਤਰਫਲ ਪਤਾ ਕਰੋ ।

## ਭਾਗ–ਸ

**ਹਰੇਕ ਪ੍ਰਸ਼ਨ ਦੇ 6 ਅੰਕ ਹਨ ।**

**14.** ਇੱਕ ਪੌਦੇ ਦੀਆਂ 40 ਪੱਤਿਆਂ ਦੀ ਲੰਬਾਈ ਲਗਭਗ ਮਿਲੀਮੀਟਰ ਵਿਚ ਮਾਪੀ ਜਾਂਦੀ ਹੈ ਅਤੇ ਪ੍ਰਾਪਤ ਅੰਕੜਿਆਂ ਨੂੰ ਹੇਠਾਂ ਦਿੱਤੀ ਸਾਰਣੀ ਦੇ ਰੂਪ ਵਿਚ ਦਰਸਾਇਆ ਗਿਆ ਹੈ :

| ਲੰਬਾਈ (mm ਵਿੱਚ) | ਪੱਤਿਆਂ ਦੀ ਸੰਖਿਆ |
|---|---|
| 118 – 126 | 3 |
| 127 – 135 | 5 |
| 136 – 144 | 9 |
| 145 – 153 | 12 |
| 154 – 162 | 5 |
| 163 – 171 | 4 |
| 172 – 180 | 2 |

ਪੱਤਿਆਂ ਦੀ ਮੱਧਿਕਾ ਲੰਬਾਈ ਪਤਾ ਕਰੋ ।

***ਜਾਂ***

ਹੇਠ ਦਿੱਤੇ ਅੰਕੜੇ 225 ਬਿਜਲੀ ਉਪਕਰਨਾਂ ਦੇ ਜੀਵਨ ਕਾਲ (ਘੰਟਿਆਂ ਵਿਚ) ਦੀ ਸੂਚਨਾ ਦਿੰਦੇ ਹਨ :

| ਜੀਵਨਕਾਲ (ਘੰਟਿਆਂ ਵਿਚ) | 0 – 20 | 20 – 40 | 40 – 60 | 60 – 80 | 80 – 100 | 100 – 120 |
|---|---|---|---|---|---|---|
| ਬਾਰੰਬਾਰਤਾ | 10 | 35 | 52 | 61 | 38 | 29 |

ਉਪਕਰਨਾਂ ਦਾ ਬਹੁਲਕ ਜੀਵਨਕਾਲ ਪਤਾ ਕਰੋ ।

**15.** ਇੱਕ ਤ੍ਰਿਭੁਜ ABC ਦੀਆਂ ਭੁਜਾਵਾਂ AB, AC ਅਤੇ ਮੱਧਿਕਾ AD ਇੱਕ ਹੋਰ ਤ੍ਰਿਭੁਜ PQR ਦੀਆਂ ਭੁਜਾਵਾਂ PQ, PR ਅਤੇ ਮੱਧਿਕਾ PM ਦੇ ਕ੍ਰਮਵਾਰ ਸਮਾਨ ਅਨੁਪਾਤੀ ਹਨ । ਦਰਸਾਉ ਕਿ $\Delta ABC \sim \Delta PQR$ ਹੈ ।

***ਜਾਂ***

4 cm ਅਰਧ ਵਿਆਸ ਵਾਲੇ ਇੱਕ ਚੱਕਰ ਦੇ ਬਾਹਰਲੇ ਪਾਸੇ ਇੱਕ ਤ੍ਰਿਭੁਜ ABC ਇਸ ਤਰ੍ਹਾਂ ਖਿੱਚਿਆ ਗਿਆ ਹੈ ਕਿ ਰੇਖਾਖੰਡ BD ਅਤੇ DC (ਜਿਸ ਵਿਚ ਸਪਰਸ਼ ਬਿੰਦੂ D ਦੁਆਰਾ BC ਵਿਭਾਜਿਤ ਹੈ) ਦੀਆਂ ਲੰਬਾਈਆਂ ਕ੍ਰਮਵਾਰ 8 cm ਅਤੇ 6 cm ਹਨ । ਭੁਜਾਵਾਂ AB ਅਤੇ AC ਪਤਾ ਕਰੋ ।




**16.** ਇੱਕ ਸ਼ਹਿਰ ਵਿਚ ਟੈਕਸੀ ਕਿਰਾਏ ਵਿਚ ਨਿਸ਼ਚਿਤ ਕਿਰਾਏ ਤੋਂ ਇਲਾਵਾ ਤੈਅ ਕੀਤੀ ਦੂਰੀ ਦਾ ਕਿਰਾਇਆ ਸ਼ਾਮਿਲ ਕੀਤਾ ਗਿਆ ਹੈ । 10 km ਦੂਰੀ ਦੇ ਲਈ ਕਿਰਾਇਆ ₹ 105 ਹੈ ਅਤੇ 15 km ਦੇ ਲਈ ਕਿਰਾਇਆ ₹ 155 ਹੈ । ਨਿਸ਼ਚਿਤ ਕਿਰਾਇਆ ਅਤੇ ਪ੍ਰਤੀ km ਕਿਰਾਇਆ ਕੀ ਹੈ ? ਇੱਕ ਵਿਅਕਤੀ ਨੂੰ 25 km ਯਾਤਰਾ ਤੈਅ ਕਰਨ ਲਈ ਕਿੰਨਾ ਕਿਰਾਇਆ ਦੇਣਾ ਪਵੇਗਾ ?

***ਜਾਂ***

ਗ੍ਰਾਫ ਰਾਹੀਂ ਪਤਾ ਕਰੋ ਸਮੀਕਰਣ ਸੰਗਤ ਜਾਂ ਅਸੰਗਤ ਹੈ ।

$2x + y - 6 = 0$

$4x - 2y - 4 = 0.$

Scanned by CamScanner